# Autism Spectrum Disorder
# ਔਟਿਜ਼ਮ ਸਪੈਕਟ੍ਰਮ ਡਿਸਆਰਡਰ

## What is Autism Spectrum Disorder?
## ਔਟਿਜ਼ਮ ਸਪੈਕਟ੍ਰਮ ਡਿਸਆਰਡਰ ਕੀ ਹੈ?

ਔਟਿਜ਼ਮ ਸਪੈਕਟ੍ਰਮ ਡਿਸਆਰਡਰ ਇਕ ਵਿਕਾਸ ਨਾਲ ਸਬੰਧਿਤ ਅਪਾਹਿਜ਼ਤਾ ਹੈ ਜੋ ਪ੍ਰਭਾਵਿਤ ਕਰਦੀ ਹੈ ਕਿ ਇਕ ਵਿਅਕਤੀ ਦੂਜਿਆਂ ਨਾਲ ਕਿਵੇਂ ਗੱਲਬਾਤ ਕਰਦਾ ਹੈ ਅਤੇ ਕਿਵੇਂ ਸੰਬੰਧ ਰੱਖਦਾ ਹੈ। ਇਹ ਸਮਾਜਿਕ ਵਿਹਾਰ ਦੇ ਨੁਕਸਾਨਾਂ, ਗੱਲ-ਬਾਤ ਕਰਨ ਵਿੱਚ ਮੁਸ਼ਕਿਲਾਂ, ਪ੍ਰਤਿਬੰਧਿਤ ਦੁਹਰਾਉ ਅਤੇ ਰਵਾਇਤੀ ਰਵੱਈਏ ਦੇ ਲੱਛਣਾਂ ਨਾਲ ਪਛਾਣਿਆ ਜਾਂਦਾ ਹੈ। ਔਟਿਜ਼ਮ ਸਪੈਕਟ੍ਰਮ ਡਿਸਆਰਡਰ ਇੱਕ ਵੱਡੇ ਪੈਮਾਨੇ ਦੀ ਸਥਿਤੀ ਹੈ ਅਤੇ ਇਹ ਮਰੀਜ਼ ਨੂੰ ਵੱਖ ਵੱਖ ਤਰੀਕਿਆਂ ਨਾਲ ਪ੍ਰਭਾਵਤ ਕਰ ਸਕਦੀ ਹੈ। ਔਟਿਜ਼ਮ ਸਪੈਕਟ੍ਰਮ ਡਿਸਆਰਡਰ ਵਾਲੇ ਕੁਝ ਲੋਕ ਮੁਕਾਬਲਤਨ ਸੁਤੰਤਰ ਜੀਵਨ ਬਤੀਤ ਕਰਨ ਦੇ ਯੋਗ ਹੁੰਦੇ ਹਨ ਪਰ ਹੋਰਾਂ ਨੂੰ ਸਿੱਖਣ ਦੀਆਂ ਅਪਾਹਿਜ਼ਤਾਂਵਾਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਲੰਮੇ ਸਮੇਂ ਤੋਂ ਵਿਸ਼ੇਸ਼ ਸਹਾਇਤਾ ਦੀ ਲੋੜ ਹੋ ਸਕਦੀ ਹੈ। ਮਰਦਾਂ ਦੀ ਤੁਲਨਾ ਨਾਲੋਂ ਔਰਤਾਂ ਵਿੱਚ ਔਟਿਜ਼ਮ ਸਪੈਕਟ੍ਰਮ ਡਿਸਆਰਡਰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਔਟਿਜ਼ਮ ਸਪੈਕਟ੍ਰਮ ਡਿਸਆਰਡਰ ਵਾਲੇ ਲੋਕਾਂ ਵਿੱਚ 3 ਸਾਲ ਦੀ ਉਮਰ ਤੋਂ ਪਹਿਲਾਂ ਅਸਾਧਾਰਣ ਵਿਕਾਸ ਦੇ ਸਬੂਤ ਮਿਲਦੇ ਹਨ।

## ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦੇ ਕੁਝ ਆਮ ਨਿਸ਼ਾਨ ਕੀ ਹਨ?

ਕਿਉਂਕਿ ਇਹ ਇਕ ਵੱਡੇ ਪੈਮਾਨੇ ਦੀ ਸਥਿਤੀ ਹੈ, ਮਰੀਜ਼ਾਂ ਦੀਆਂ ਸਮੱਸਿਆਵਾਂ ਦੀ ਤੀਬਰਤਾ ਅਤੇ ਗੰਭੀਰਤਾ ਬਦਲ ਸਕਦੀ ਹੈ। ਆਮ ਤੌਰ 'ਤੇ ਇਸਦੇ ਲੱਛਣਾਂ ਦੇ ਤਿੰਨ ਮੁੱਖ ਖੇਤਰ ਸ਼ਾਮਲ ਹੁੰਦੇ ਹਨ:

1. ਸਮਾਜਿਕ ਕਮਜ਼ੋਰੀਆਂ:
    - ਉਹ ਅਕਸਰ ਅੱਖਾਂ ਨਾਲ ਸੰਪਰਕ ਨਹੀਂ ਕਰ ਸਕਦੇ ਅਤੇ ਸਮਾਜਿਕ ਪ੍ਰਭਾਵਾਂ ਨੂੰ ਘੱਟ ਧਿਆਨ ਦਿੰਦੇ ਹਨ। ਉਹ ਦੂਜਿਆਂ ਨੂੰ ਅਕਸਰ ਘੱਟ ਦੇਖਦੇ ਹਨ, ਅਤੇ ਆਪਣੇ ਨਾਮ ਦੇ ਬੁਲਾਉਣ ਤੇ ਘੱਟ ਜਵਾਬ ਦਿੰਦੇ ਹਨ।
    - ਉਹ ਦੂਜਿਆਂ ਨਾਲ ਗੱਲਬਾਤ ਕਰਨਾ, ਗੱਲਬਾਤ ਸ਼ੁਰੂ ਕਰਨਾ ਜਾਂ ਸਾਂਝਾ ਕਰਨ ਨੂੰ ਪਸੰਦ ਨਹੀਂ ਕਰਦੇ ਹਨ।
    - ਉਹ ਕਦੇ-ਕਦੇ ਸਮਾਜਿਕ ਤੌਰ ਤੇ ਅਣਉਚਿਤ ਹੋ ਸਕਦੇ ਹਨ, ਜੋ ਸ਼ਰਮਿੰਦਗੀ ਦਾ ਕਾਰਨ ਬਣ ਸਕਦਾ ਹੈ।
2. ਗੱਲ-ਬਾਤ ਕਰਨ ਵਿੱਚ ਮੁਸ਼ਕਲਾਂ:
    - ਉਨ੍ਹਾਂ ਦੇ ਭਾਸ਼ਾ ਵਿਕਾਸ ਵਿੱਚ ਆਮ ਤੌਰ 'ਤੇ ਦੇਰੀ ਹੁੰਦੀ ਹੈ, ਅਤੇ ਕੁਝ ਆਪਣੇ ਆਪ ਨੂੰ ਪ੍ਰਗਟਾ ਨਹੀਂ ਸਕਦੇ। ਭਾਵੇਂ ਉਹ ਗੱਲ ਕਰ ਸਕਦੇ ਹਨ,ਪਰ ਉਨ੍ਹਾਂ ਕੋਲ ਦੂਜਿਆਂ ਨਾਲ ਗੱਲਬਾਤ ਕਰਨ ਦੀ ਪ੍ਰਵਿਰਤੀ ਘੱਟ ਹੁੰਦੀ ਹੈ ਜਾਂ ਉਨ੍ਹਾਂ ਦੇ ਗੱਲ-ਬਾਤ ਕਰਨ ਦੇ ਢੰਗ ਵੱਖਰੇ ਹੁੰਦੇ ਹਨ। ਗੱਲ-ਬਾਤ ਜ਼ਿਆਦਾਤਰ ਬੇਨਤੀ ਕਰਨ ਨਾਲ ਸਬੰਧਿਤ ਹੁੰਦੀ ਹੈ।
    - ਕਲਪਨਾ ਰਹਿਤ /ਇਸ਼ਾਰਿਆਂ ਨੂੰ ਸਮਝਣ ਦੀ ਕਮੀ ਅਤੇ ਵੱਡੀ ਉਮਰ ਹੋਣ ਤੇ ਕਮਜ਼ੋਰ ਕਲਪਨਾ ਸ਼ਕਤੀ ਦੇ ਨਾਲ ਸੰਖੇਪ ਸੋਚ ਨੂੰ ਸਮਝਣਾ ਸ਼ਾਮਿਲ ਹੈ।
    - ਉਨ੍ਹਾਂ ਵਿੱਚ ਸਾਂਝੇ ਧਿਆਨ ਜਾਂ ਸਾਂਝਾ ਕਰਨ ਦੀ ਕਮੀ ਹੁੰਦੀ ਹੈ ਅਤੇ ਕੁਝ ਨੂੰ ਦੇਰੀ ਨਾਲ ਈਕੋਲਾਲੀਆ(ਦੂਜਿਆਂ ਦੇ ਕਹੇ ਸ਼ਬਦਾ ਨੂੰ ਦੁਹਰਾਉਣਾ) ਹੋ ਸਕਦਾ ਹੈ।
3. ਦੁਹਰਾਉਣਾ ਜਾਂ ਪ੍ਰਤਿਬੰਧਿਤ ਵਿਵਹਾਰ:
    - ਸੀਮਿਤ ਦਿਲਚਸਪੀ , ਜਾਂ ਗਤੀਵਿਧੀ, ਜਿਵੇਂ ਕਿ ਕਿਸੇ ਖਿਡੌਣੇ ਜਾਂ ਗੇਮ ਨਾਲ ਅਭਿਆਸ ਕਰਨਾ।
    - ਅਭਿਆਸਵਾਦੀ ਵਿਵਹਾਰ ਵਿੱਚ ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਇੱਕ ਵਿਆਪਕ ਵਿਵਹਾਰ ਸ਼ਾਮਲ ਹੁੰਦਾ ਹੈ, ਜਿਵੇਂ ਕਿ ਸਕੂਲ ਲਈ ਇੱਕ ਨਿਸ਼ਚਿਤ ਰਸਤਾ ਅਤੇ ਇਸਦੇ ਬਦਲਣ ਤੇ ਵਿਰੋਧ ਕਰਨਾ। ਇਹ ਲੋਕ ਰੁਕਾਵਟ ਹੋਣ ਵੇਲੇ ਪਰੇਸ਼ਾਨ ਹੋ ਜਾਦੇਂ ਹਨ ਜਾਂ ਆਪਾ ਖੋ ਬੈਠਦੇ ਹਨ।
    - ਦੁਹਰਾਓ ਦੀ ਗਤੀਵਿਧੀ, ਜਿਵੇਂ ਕਿ ਹੱਥ ਫੜਫੜਾਉਣਾ, ਸਿਰ ਘੁਮਾਉਣਾ, ਜਾਂ ਸਰੀਰ ਨੂੰ ਹਿਲਾਉਣਾ।
4. ਹੋਰ ਲੱਛਣ
    - ਮਰੀਜ਼ ਆਵਾਜ਼ਾਂ, ਛੋਹਣ, ਸੁਆਦ, ਗੰਧ, ਰੋਸ਼ਨੀ ਜਾਂ ਰੰਗਾਂ ਤੋਂ ਵੱਧ ਸੰਵੇਦਨਸ਼ੀਲਤਾ ਦਾ ਅਨੁਭਵ ਕਰ ਸਕਦਾ ਹੈ।
    - ਕੁਝ ਲੋਕਾਂ ਨੂੰ ਭਾਵਨਾਤਮਕ, ਵਿਵਹਾਰਕ ਅਤੇ / ਜਾਂ ਸਿੱਖਣ ਦੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ , ਜਦੋਂ ਕਿ ਕੁਝ ਲੋਕਾਂ ਨੂੰ ਹੋਰ ਮੁਸ਼ਕਿਲਾਂ, ਜਿਵੇਂ ਕਿ ਉੱਚ ਪੱਧਰ ਦੀ ਸਰਗਰਮੀ, ਲਾਪਰਵਾਹੀ , ਆਪਣੇ ਆਪ ਨੂੰ ਨੁਕਸਾਨ, ਨੀਂਦ ਦੀਆਂ ਮੁਸ਼ਕਿਲਾਂ ਅਤੇ ਹਿੰਸਕ ਵਿਵਹਾਰ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

## ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦੇ ਕਾਰਨ ਕੀ ਹਨ?

ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦਾ ਸਹੀ ਕਾਰਨ ਹਾਲੇ ਵੀ ਜਾਂਚ ਕੀਤਾ ਜਾ ਰਿਹਾ ਹੈ। ਪਰ, ਖੋਜ ਇਹ ਸੰਕੇਤ ਦਿੰਦੀ ਹੈ ਕਿ ਕਾਰਕਾਂ ਦਾ ਸੁਮੇਲ:ਖਾਨਦਾਨੀ ਅਤੇ ਵਾਤਾਵਰਣ ਨਾਲ ਸਬੰਧਿਤ ਕਾਰਕ ਦਿਮਾਗ ਦੇ ਵਿਕਾਸ ਵਿਚ ਬਦਲਾਅ ਲਈ ਜਿੰਮੇਵਾਰ ਹੋ ਸਕਦੇ ਹਨ| ਔਟਿਜ਼ਮ ਸਪੈਕਟ੍ਰਮ ਡਿਸਆਰਡਰ ਕਿਸੇ ਵਿਅਕਤੀ ਦੇ ਪਾਲਣ-ਪੋਸ਼ਣ, ਉਹਨਾਂ ਦੇ ਸਮਾਜਿਕ ਹਾਲਾਤਾਂ ਕਾਰਨ ਨਹੀਂ ਵਾਪਰਦਾ ਅਤੇ ਇਸ ਵਿੱਚ ਉਸ ਵਿਅਕਤੀ ਦੀ ਕੋਈ ਗਲਤੀ ਨਹੀਂ ਹੈ।

## ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦਾ ਇਲਾਜ਼ ਕਿਵੇਂ ਕੀਤਾ ਜਾਂਦਾ ਹੈ?

ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦਾ ਕੋਈ ਇਲਾਜ਼ ਨਹੀਂ ਹੈ। ਇਲਾਜ ਅਤੇ ਵਿਵਹਾਰਕ ਦਖਲ ਵਿਸ਼ੇਸ਼ ਲੱਛਣਾਂ ਦੇ ਹੱਲ ਲਈ ਬਣਾਏ ਗਏ ਹਨ ਅਤੇ ਇਹ ਮਹੱਤਵਪੂਰਨ ਸੁਧਾਰ ਲਿਆ ਸਕਦੇ ਹਨ| ਆਦਰਸ਼ ਇਲਾਜ਼ ਯੋਜਨਾ ਉਹ ਥੈਰੇਪੀਜ਼ ਅਤੇ ਦਖਲ-ਅੰਕਾਂ ਨੂੰ ਨਿਰਦੇਸ਼ਿਤ ਕਰਦੀ ਹੈ ਜੋ ਵਿਅਕਤੀ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ ਅਤੇ ਜੀਵਨ ਵਿੱਚ ਵੱਧ ਤੋਂ ਵੱਧ ਆਤਮ-ਨਿਰਭਰਤਾ ਨੂੰ ਉਤਸ਼ਾਹਿਤ ਕਰਦੀਆਂ ਹਨ | ਪਰਿਵਾਰਕ ਸਲਾਹ ਅਕਸਰ ਪਰਿਵਾਰਾਂ ਨੂੰ ਇੱਕ ਔਟਿਜ਼ਮ ਵਾਲੇ ਬੱਚੇ ਦੇ ਨਾਲ ਰਹਿਣ ਤੇ ਆਉਣ ਵਾਲੀਆ ਖਾਸ ਚੁਣੌਤੀਆਂ ਦਾ ਸਾਮ੍ਹਣਾ ਕਰਨ ਵਿੱਚ ਸਹਾਇਤਾ ਕਰਦੀ ਹੈ।

ਦਵਾਈਆਂ:ਡਾਕਟਰ ਔਟਿਜ਼ਮ ਨਾਲ ਸੰਬੰਧਤ ਖਾਸ ਲੱਛਣਾਂ ਦੇ ਇਲਾਜ਼ ਲਈ ਦਵਾਈਆਂ ਤਜਵੀਜ਼ ਕਰ ਸਕਦੇ ਹਨ, ਜਿਵੇਂ ਕਿ ਚਿੰਤਾ, ਉਦਾਸੀਨਤਾ ਜਾਂ ਦੁਹਰਾਉਣਾ ਜਾਂ ਪ੍ਰਤਿਬੰਧਿਤ ਵਿਕਾਰ | ਗੰਭੀਰ ਵਤੀਰੇ ਦੀਆਂ ਸਮੱਸਿਆਵਾਂ ਦੇ ਇਲਾਜ਼ ਲਈ ਐਂਟੀਸਾਇਕੌਟਿਕ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ | ਧਿਆਨ ਦੀ ਕਮੀ ਦੇ ਵਿਕਾਰ ਵਾਲੇ ਲੋਕਾਂ ਦਾ ਇਲਾਜ਼ ਕਰਨ ਲਈ ਵਰਤੀ ਜਾਂਦੀ ਦਵਾਈ ਉਨ੍ਹਾਂ ਦੀ ਉੱਚ ਪੱਧਰ ਦੀ ਸਰਗਰਮੀ ਅਤੇ ਬੇਸਮਝੀ ਦੇ ਵਿਹਾਰ ਨੂੰ ਘੱਟ ਕਰਨ ਲਈ ਅਸਰਦਾਰ ਤਰੀਕੇ ਨਾਲ ਇਸਤੇਮਾਲ ਕੀਤੀ ਜਾ ਸਕਦੀ ਹੈ।

ਬਹੁਤ ਸਾਰੇ ਬੱਚਿਆਂ ਵਿੱਚ ਲੱਛਣ ਇਲਾਜ ਦੇ ਨਾਲ ਸੁਧਰ ਜਾਂਦੇ ਹਨ। ਕਿਸ਼ੋਰ ਉਮਰ ਦੇ ਦੌਰਾਨ, ਔਟਿਜ਼ਮ ਸਪੈਕਟ੍ਰਮ ਡਿਸਆਰਡਰ ਵਾਲੇ ਕੁਝ ਬੱਚੇ ਉਦਾਸ ਹੋ ਸਕਦੇ ਹਨ ਜਾਂ ਵਤੀਰੇ ਸੰਬੰਧੀ ਸਮੱਸਿਆਵਾਂ ਦਾ ਅਨੁਭਵ ਕਰ ਸਕਦੇ ਹਨ, ਅਤੇ ਉਹਨਾਂ ਦੇ ਇਲਾਜ ਲਈ ਕੁਝ ਸੋਧ ਦੀ ਜ਼ਰੂਰਤ ਹੋ ਸਕਦੀ ਹੈ ਕਿਉਂਕਿ ਉਹ ਬਾਲਗਤਾ ਵਿੱਚ ਤਬਦੀਲ ਹੋ ਰਹੇ ਹੁੰਦੇ ਹਨ| ਆਮ ਤੌਰ ਤੇ ਔਟਿਜ਼ਮ ਸਪੈਕਟ੍ਰਮ ਡਿਸਆਰਡਰ ਵਾਲੇ ਲੋਕਾਂ ਨੂੰ ਉਹਨਾਂ ਦੀ ਉਮਰ ਦੇ ਵਾਧੇ ਨਾਲ ਸੇਵਾਵਾਂ ਅਤੇ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਪਰ ਬਹੁਤ ਸਾਰੇ ਸੁਤੰਤਰ ਤੌਰ 'ਤੇ ਕੰਮ ਕਰਨ ਅਤੇ ਇੱਕ ਸਹਾਇਕ ਵਾਤਾਵਰਨ ਦੇ ਅੰਦਰ ਆਤਮ-ਨਿਰਭਰਤਾ ਵਾਲਾ ਜੀਵਨ ਜੀ ਸਕਦੇ ਹਨ।

ਇਹ ਦਸਤਾਵੇਜ਼ ਮੂਲ ਅੰਗ੍ਰੇਜ਼ੀ ਸੰਸਕਰਣ ਦਾ ਅਨੁਵਾਦ ਹੈ। ਕਿਸੇ ਵੀ ਅੰਤਰ ਜਾਂ ਅਸੰਗਤਤਾ ਦੀ ਸਥਿਤੀ ਵਿੱਚ, ਅੰਗ੍ਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।